# ਇਕ ਵੰਗ੍ਹਾਰ ਕਰੋ ਸਵੀਕਾਰ

ਸਾਇੰਸ ਟੀਚਰਜ਼ ਐਸੋਸੀਏਸ਼ਨ (ਰਜਿ:),ਪੰਜਾਬ ਦੇ ਮੇਹਨਤੀ,ਨਿਧੱੜਕ, ਅਤੇ ਸ਼ੂਰਵੀਰ ਯੋਧੇਇਉ। ਆਉ ਐਸ.ਟੀ.ਏ.(ਰਜਿ:),ਪੰਜਾਬ ਦੇ ਬੈਨਰ ਥੱਲੇ ਇੱਕਮੁਠ ਹੋ ਕੇ ਪੰਜਾਬ ਦੀ ਅਕਾਲੀ–ਭਾਜਪਾ ਸਰਕਾਰ ਤੋਂ ਆਪਣੇ ਹੱਕ ਅਤੇ ਸਵੈਭਿਮਾਨ ਨੂੰ ਸੁਰਿਖ਼ਤ ਕਰਨ ਹਿਤ ਹਾਈ–ਕਮਾਂਡ ਵਲੋਂ ਦਿੱਤੇ ਧਰਨੇ ਦੇ ਸੱਦੇ ਨੂੰ ਮਿਤੀ 27.07.2011ਦਿਨ ਬੁੱਧਵਾਰ ਨੂੰ ਵੱਡੀ ਗਿਣਤੀ ਵਿੱਚ ਐਸ.ਏ.ਐਸ.ਨਗਰ (ਮੋਹਾਲੀ) ਫੇਜ਼–8,ਨੇੜੇ ਅੰਬ ਸਾਹਿਬ ਗੁਰਦੂਆਰਾ ਵਿਖ਼ੇ ਸਵੇਰੇ 11ਵਜੇ ਪੰਹੁਚ ਕੇ ਇਸ ਗੂੰਗੀ ਬੋਲ਼ੀ ਸਰਕਾਰ ਦੇ ਕੱਨਾਂ ਤਕ ਆਪਣੀ ਹੱਕ–ਸੱਚ ਦੀ ਗਲ ਪਹੂੰਚਾਈਏ।

ਜੈ ਗਿਆਨ

ਜੈ ਵਿਗਿਆਨ

Created with nitroPDF professional
download the free trial online at nitropdf.com/professional

Created with nitroPDF professional
download the free trial online at nitropdf.com/professional

ਮੁਲਾਜਮ ਏਕਤਾ ਜ਼ਿੰਦਾਬਾਦ                    ਅਧਿਆਪਕ ਏਕਤਾ ਜ਼ਿਦੰਾਬਾਦ

# ਸਾਇੰਸ ਟੀਚਰਜ਼ ਐਸੋਸੀਏਸ਼ਨ (ਰਜਿ:),ਪੰਜਾਬ।

## ਵਲੋਂ

## ਇਤਿਹਾਸਕ ਵਿਸ਼ਾਲ ਅਤੇ ਫੈਸਲਾਕੁਨ ਸਟੇਟ ਪੱਧਰੀ ਧਰਨਾ

## ਮਿਤੀ 27-07-2011 ਦਿਨ ਬੁੱਧਵਾਰ ਨੂੰ ਸਵੇਰੇ 11 ਵਜੇ ਸਥਾਨ: ਨਜਦੀਕ ਗੁਰੂਦੁਆਰਾ ਅੰਬ ਸਾਹਿਬ ਫੇਸ਼-8,ਮੋਹਾਲੀ

# ਅਪੀਲ ਕਰਤਾ

ਸਮੂਹ ਮੈਂਬਰਾਨ,ਸਟੇਟ ਬਾਡੀ,ਜਿਲ੍ਹਾ ਅਤੇ ਤਹਿਸੀਲ ਪੱਧਰੀ ਕਮੇਟੀਆਂ।

## ਸਾਇੰਸ ਟੀਚਰਜ਼ ਐਸੋਸੀਏਸ਼ਨ (ਰਜਿ:),ਪੰਜਾਬ।

ਜਾਰੀ ਕਰਤਾ:

| | | |
|---|---|---|
| ਰਣਜੀਤ ਸਿੰਘ ਧਨੋਆ | ਲਕਸ਼ਮਣ ਵਾਲੀਆ | ਸੰਜੀਵਨ ਸਿੰਘ ਡਢਵਾਲ |
| ਸਟੇਟ ਪ੍ਰਧਾਨ | ਸਟੇਟ ਸੀ.ਮੀਤ ਪ੍ਰਧਾਨ | ਸਟੇਟ ਜਨਰਲ ਸਕਤਰ |

Created with nitroPDF professional
download the free trial online at nitropdf.com/professional

## ਸਾਇੰਸ ਟੀਚਰਜ਼ ਐਸੋਸੀਏਸ਼ਨ (ਰਜਿ:),ਪੰਜਾਬ।

**ਹੈਡ ਆਫਿਸ: 427,ਫੇਜ਼ - 4,ਮੋਹਾਲੀ (ਐਸ.ਏ.ਐਸ.ਨਗਰ),**

**ਫੋਨ : 98551 57427**

________________________________________________________________________________________

_________________________________________________________________________________________

ਮੁਲਾਜਮ ਏਕਤਾ ਜਿੰਦਾਬਾਦ ਅਧਿਆਪਕ ਏਕਤਾ ਜਿਦੰਾਬਾਦ

## ਸਾਇੰਸ ਟੀਚਰਜ਼ ਐਸੋਸੀਏਸ਼ਨ (ਰਜਿ:),ਪੰਜਾਬ।

## ਵਲੋਂ

# ਇਤਿਹਾਸਕ ਵਿਸ਼ਾਲ ਅਤੇ ਫੈਸਲਾਕੁਨ ਸਟੇਟ ਪੱਧਰੀ ਧਰਨਾ

ਪੰਜਾਬ ਦੀ ਮੋਜੁਦਾ ਸਰਕਾਰ ਦੀ ਪਿਛਲੇ ਸਾਢੇ ਚਾਰ ਸਾਲਾਂ ਤੋਂ ਸਾਇੰਸ ਅਧਿਆਪਕਾਂ ਦੀਆਂ ਹੱਕੀ ਮੰਗਾ ਪ੍ਰਤੀ ਨਾਂਹ-ਪੱਖੀ ਅਤੇ ਟਾਲਮਟੋਲ ਦੇ ਵਤੀਰੇ ਤੋਂ ਦੁਖੀ ਹੋ ਕੇ ਇਸ ਬੁਧੀਜੀਵੀ ਵਰਗ ਵਲੋਂਸਾਇੰਸ ਟੀਚਰਜ਼ ਐਸੋਸੀਏਸ਼ਨ (ਰਜਿ:),ਪੰਜਾਬ ਦੀ ਅਗੁਵਾਈ ਹੇਠ ਆਪਣੇ ਸੰਘਰਸ਼ ਨੂੰ ਤੇਜ,ਤਿੱਖਾ ਅਤੇ

Created with nitroPDF professional
download the free trial online at nitropdf.com/professional

ਫੈਸਲਾਕੁਨ ਸੰਘਰਸ਼ ਵਿੱਢਣ ਦਾ ਇਤਿਹਾਸਕ ਨਿਰਣਾ ਲਿਆ ਗਿਆ ਹੈ।ਜਿਸ ਦੇ ਅਮਲ ਦੀ ਇੱਕ ਕੜੀ ਵਜੋਂ ਐਸ.ਟੀ.ਏ.(ਰਜਿ:),ਪੰਜਾਬ ਦੀ ਰਹਿਨੁਮਾਈ ਹੇਠ **ਮਿਤੀ 27-07-2011 ਦਿਨ ਬੁੱਧਵਾਰ ਨੂੰ ਸਵੇਰੇ 11 ਵਜੇ ਸਥਾਨ: ਨਜਦੀਕ ਗੁਰੂਦੁਆਰਾ ਅੰਬ ਸਾਹਿਬ ਫੇਸ਼-8,ਮੋਹਾਲੀ** ਵਿਖੇ ਵਿਸਾਲ ਇਤਿਹਾਸਕ ਰੋਸ ਧਰਨਾ ਦਿੱਤਾ ਜਾ ਰਿਹਾ ਹੈ ਜਿਸ ਵਿੱਚ ਪੰਜਾਬ ਦੇ ਸਮੂਹ ਸੰਘਰਸਸ਼ੀਲ ਸਾਇੰਸ ਅਧਿਆਪਕ ਭੈਣਾਂ ਤੇ ਵੀਰਾਂ ਨੂੰ ਵੱਧ ਤੋਂ ਵੱਧ ਗਿਣਤੀ ਚ ਪਹੁੰਚਣ ਦੀ ਸਟੇਟ ਬਾਡੀ ਸਾਇੰਸ ਟੀਚਰਜ਼ ਐਸੋਸੀਏਸ਼ਨ ਰਜਿਸਟਰਡ ਪੰਜਾਬ ਵਲੋਂ ਪੁਰਜੋਰ ਅਪੀਲ ਕੀਤੀ ਜਾਂਦੀ ਹੈ।

# ਪ੍ਰਮੁੱਖ ਮੰਗਾਂ

<!--[if !supportLists]-->**1.** <!--[endif]-->**ਟੈਕਨੀਕਲ ਯੋਗਤਾ ਅਤੇ ਨਰੋਲ ਤਕਨੀਕੀ ਕਾਰਜ ਸ਼ੈਲੀ ਨੂੰ ਵਿਚਾਰਦੇ ਹੋਏ ਭਾਰਤ ਸਰਕਾਰ ਦੇ ਲੇਬਰ ਵਿਭਾਗ ਵਲੋਂ ਸਾਰੇ ਸਾਇੰਸ ਵਿੱਸ਼ਿਆ ਦੀ ਯੋਗਤਾ ਨੂੰ ਬਿਨਾਂ ਸ਼ੱਕ ਟੈਕਨੀਕਲ ਕਰਾਰ ਦੇ ਕੇ ਟੈਕਨੀਕਲ ਐਨ.ਸੀ.ਉ.**(National Classification of occupations) **ਨੰਬਰ ਅਲਾਟ ਕੀਤੇ ਗਏ ਹਨ ਅਤੇ ਇਸ ਪੁਖਤਾ ਅਧਾਰ ਤੇ ਸਾਇੰਸ ਵਿੱਦਿਆ,ਅਧਿਆਪਨ ਅਤੇ ਅਧਿਆਪਕ ਦੀ ਅਸਾਮੀ ਨੂੰ ਟੈਕਨੀਕਲ ਕਰਾਰ ਦੇਣਾਂ ਪੂਰੀ ਤਰਾਂ ਹਕ-ਬਜਾਨਬ ਹੈ।ਇਸ ਮੰਗ ਨੂੰ ਪੁਰਜੋਰ ਉਭਾਰਦੇ ਹੋਏ ਤੁਰੰਤ ਮੰਗੇ ਜਾਂਣ ਦੀ ਮੰਗ ਕੀਤੀ ਜਾਂਦੀ ਹੈ।**

<!--[if !supportLists]-->**2.** <!--[endif]--> **ਪੰਜਾਬ ਸਰਕਾਰ ਸਿੱਖਿਆ ਵਿਭਾਗ ਵਲੋਂ ਮਿਤੀ 24-01-1996 ਨੂੰ ਸਿੱਖਿਆ ਸਕੱਤਰ ਜੀ ਦੇ ਹੁਕਮਾਂ ਦੁਆਰਾ ਉੱਚ ਅਧਿਕਾਰ ਪ੍ਰਾਪਤ ਵਿਗਿਆਨਕ ਮਾਹਿਰਾਂ ਦੀ ਪੰਜ ਮੈਂਬਰੀ ਕਮੇਟੀ ਡਾਕਟਰ ਐਮ.ਐਲ.ਸੱਚਦੇਵਾ ਦੀ ਅਗੁਵਾਈ ਹੇਠ ਗਠਿਤ ਕੀਤੀ ਗਈ ਸੀ ਜਿਸ ਨੇ ਐਸ.ਟੀ.ਏ.ਪੰਜਾਬ ਨੂੰ ਬਕਾਇਦਾ ਸੁਣਨ ਉਪਰੰਤ ਪੂਰੀ ਤਰਾਂ ਘੋਖ ਕੇ ਆਪਣੀ ਰਿਪੋਰਟ ਮਿਤੀ 10-08-1996 ਨੂੰ ਭੇਜੀ ਸੀ ਜਿਸ ਨੂੰ ਵੇਲੇ ਦੀ ਸਰਕਾਰ ਵੱਲੋਂ ਅਤੇ ਆਉਣ ਵਾਲੀਆਂ ਸਰਕਾਰਾਂ ਵਲੋਂ ਪੂਰੀ ਤਰਾਂ ਨਜ਼ਰਅਦਾਜ ਕੀਤਾ ਗਿਆ।ਇਸ ਕਮੇਟੀ ਦੀਆਂ ਹਾਂ ਪੱਖੀ ਸਿਫਾਰਸਾਂ ਤੇ ਤੁਰੰਤ ਠੋਸ ਕਾਰਵਾਈ ਕੀਤੀ ਜਾਵੇ।ਪੰਜਾਬ ਸਰਕਾਰ ਅਜਿਹਾ ਕਰਨ**

Created with
nitro PDF professional
download the free trial online at nitropdf.com/professional
Created with nitro PDF professional
download the free trial online at nitropdf.com/professional

ਲਈ ਆਪਣੇ ਮਿਤੀ 24-01-1996 ਦੇ ਹੁਕਮਾਂ ਅਨੁਸਾਰ ਕਾਨੂੰਨੀ ਤੌਰ ਤੇ ਪਾਬੰਦ ਹੈ।

<!--[if !supportLists]-->3. <!--[endif]-->ਉਕਤ ਕਮੇਟੀ ਦੀ ਸਿਫਾਰਸ਼ ਅਨੁਸਾਰ ਸਕੂਲ ਕਾਡਰ ਦੀ ਸਾਰੀ ਸਾਇੰਸ ਫੇਕਲਟੀ ਜਿਸ ਵਿੱਚ ਸਾਇੰਸ ਮਾਸਟਰ,ਸਾਇੰਸ ਲੈਕਚਰਰ,ਸਾਇੰਸ ਫੈਕਲਟੀ ਦੇ ਸਾਰੇ ਸੀਨੀਅਰ ਅਧਿਕਾਰੀ ਸ਼ਾਮਲ ਹਨ,ਨੂੰ ਮਿਤੀ 01-01-1996 ਤੋਂ ਪੰਜ ਅਗਾਉਂ ਤਰੱਕੀਆਂ ਦਾ ਲਾਭ ਬਿਨਾਂ ਸ਼ਰਤ ਦਿੱਤਾ ਜਾਵੇ।

<!--[if !supportLists]-->4. <!--[endif]-->ਪੰਜਾਬ ਦੇ ਪੰਜਵੇ ਤਨਖ਼ਾਹ ਕਮਿਸ਼ਨ ਦੀਆ ਸਿਫ਼ਾਰਸਾਂ ਅਤੇ ਉਨ੍ਹਾਂ ਤੇ ਪੰਜਾਬ ਸਰਕਾਰ ਦੇ ਅਮਲ ਦੋਰਾਨ ਸਾਜਿਸੀ ਢੰਗ ਨਾਲ ਕਾਰਵਾਈ ਕਰਦੇ ਹੋਏ ਗਰੇਡਾ ਵਿੱਚ ਬੇਸ਼ੁਮਾਰ ਅਸੰਗਤਿਆਂ ਪੈਦਾ ਕਰ ਦਿੱਤੀਆ ਗਈਆਂ ਹਨ।ਬਿਨਾਂ ਸ਼ੱਕ ਪ੍ਰਾਇਮਰੀ ਅਧਿਆਪਕਾਂ ਨੂੰ 10300 ਦਾ ਪੇ-ਸਕੇਲ ਪੁਰੀ ਤਰਾਂ ਹੱਕ ਬਜਾਨਬ ਹੈ ਅਤੇ ਇਸ ਦਾ ਸੁਆਗਤ ਹੈ।ਇਸ ਨੂੰ ਆਧਾਰ ਬਣਾਂ ਕੇ ਉਚੇਰੇ ਸਾਰੇ ਵਰਗਾਂ ਦੇ ਪੇ-ਸਕੇਲ ਅਨੁਪਾਤਕ ਪ੍ਰਕਿਰਿਆ ਰਾਹੀਂ ਯਥਾਯੋਗ ਸੋਧੇ ਜਾਣ।ਇਸ ਵਿੱਚ ਪੰਜਾਬੀ ਸੂਬੇ ਦੀ ਰਚਨਾ (01-11-1966) ਤੋਂ ਪਹਿਲਾਂ ਵਾਲਾ ਪੇ-ਸਕੇਲ ਅਨੁਪਾਤ ਲਾਗੂ ਕੀਤਾ ਜਾਵੇ।

<!--[if !supportLists]-->5. <!--[endif]-->ਸਾਇੰਸ ਅਧਿਆਪਕਾ ਨੂੰ ਯੋਗ ਪਦਉਨਤੀ ਦੇ ਮੋਕੇ ਪ੍ਰਦਾਨ ਕਰਨ ਹਿੱਤ ਬਲਾਕ ਅਤੇ ਤਹਿਸੀਲ ਪੱਧਰ ਤੇ ਸਾਇੰਸ ਵਿਕਾਸ ਅਫ਼ਸਰ ਦੀਆ ਅਸਾਮੀਆਂ ਸਿਰਜਦੇ ਹੋਏ ਪੰਜਾਬ ਦੇ ਸਾਰੇ ਵੀਹ ਜਿੱਲਿਆਂ ਵਿੱਚ ਰੈਗੂਲਰ ਜਿਲ੍ਹਾ ਸਾਇੰਸ ਵਿਕਾਸ ਅਫ਼ਸਰਾਂ ਦੀਆਂ ਨਿਯੁਕਤੀਆਂ ਤਤਕਾਲ ਕੀਤੀਆਂ ਜਾਣ।

<!--[if !supportLists]-->6. <!--[endif]-->ਸਾਰੇ ਬੀ.ਐਸ.ਸੀ.ਬੀ.ਐਡ.(B.Sc.B.Ed.)ਦਾ ਆਹੁਦਾ ਸਾਇੰਸ ਮਾਸਟਰ ਕਰਦੇ ਹੋਏ ਸਾਰੀ ਫੈਕਲਟੀ ਨੂੰ ਮੋਜੂਦਾ ਸਪੈਸ਼ਲ ਭੱਤਿਆਂ ਦੀ ਸੰਗਰਚਨਾ ਅਨੁਸਾਰ ਘੱਟ ਤੋਂ ਘੱਟ ਦੋ ਹਜਾਰ ਰੁਪਏ ਪ੍ਰਤੀ ਮਹੀਨਾ ਸਪੈਸ਼ਲ ਸਾਇੰਸ ਭੱਤਾ ਬਿਨਾਂ ਸ਼ਰਤ ਮਿਤੀ 01-01-2006 ਤੋਂ ਦਿਤੱਾ ਜਾਵੇ।

Created with nitroPDF professional
download the free trial online at nitropdf.com/professional

<!--[if !supportLists]-->7. <!--[endif]-->ਪੰਜਾਬ ਸਰਕਾਰ ਦੇ ਸਿਵਲ ਰਿੱਟ ਪਟੀਸਨ ਨੰਬਰ 4239/95,ਰਾਜ ਕੁਮਾਰ ਗਰਗ ਅਤੇ ਹੋਰ ਬਨਾਮ ਪੰਜਾਬ ਸਰਕਾਰ ਦੇ ਮਿਤੀ 06-10-95 ਤੇ ਮੂੰਹ ਬੋਲਦੇ ਹੁਕਮਾਂ ਦੇ ਸਫ਼ਾ-5 ਤੇ ਦਰਜ ਟਿਪਣੀ,"**Although Educational Qualification of Science Masters and that of Agriculture Development Officers are comparable vizB.Sc.(Medical/Non-Medical and B.Sc.Agriculture"**
ਨੂੰ ਲਾਗੂ ਕਰਦੇ ਹੋਏ ਇਨ੍ਹਾਂ ਯੋਗਤਾਵਾਂ ਨੂੰ ਇਨਬਿਨ ਬਰਾਬਰ ਤਸਲੀਮ ਕੀਤਾ ਜਾਵੇ ਜਿਸ ਨਾਲ ਇਨ੍ਹਾਂ ਵਰਗਾਂ ਦੇ ਗਰੇਡ ਅਤੇ ਸਟੇਟਸ ਬਰਾਬਰ ਕਰਨ ਦਾ ਰਾਹ ਤਕਨੀਕੀ ਤੌਰ ਤੇ ਪੱਧਰਾ ਹੋ ਸਕੇ।ਉਂਝ ਵੀ **B.Sc.Medical** ਅਤੇ **B.Sc.Non-Medical** ਦੇ ਵਿੱਸ਼ਿਆਂ ਦਾ ਸਲੇਬਸ **B.Sc.Agriculture** ਨਾਲੋਂ ਕਈ ਗੁਣਾਂ ਵੱਧ ਅਤੇ ਉੱਚ ਪੱਧਰ ਦਾ ਹੁੰਦਾ ਹੈ।ਸਕੂਲੀ ਸਿੱਖਿਆ ਦੀ ਵਿਗਿਆਨ ਵਿਸ਼ੇ ਦੀ ਪੜਾਈ ਵਿੱਚ ਖੇਤੀਬਾੜੀ ਵਿਸ਼ੇ ਦਾ ਸਾਰਾ ਪਾਠਕ੍ਰਮ ਸ਼ਾਮਿਲ ਹੂੰਦਾ ਹੈ।

8. ਸਾਇੰਸ ਅਤੇ ਟੈਕਨੋਲੋਜੀ ਇਕ ਸੰਯੁਕਤ ਟਰਮ ਹੈ।ਇਸ ਵਿੱਚ ਜੇ ਸਾਇੰਸ ਸ਼ਬਦ ਹਟਾ ਲਿਆ ਜਾਵੇ ਤਾਂ ਟੈਕਨੌਲੌਜੀ ਬੇ-ਅਰਥ ਹੋ ਜਾਂਦੀ ਹੈ।ਸਾਇੰਸ ਵਿਸ਼ਿਆਂ ਦੇ ਸਾਰੇ ਅੱਪਲਾਈਡ ਰੂਪ ਜਿਵੇਂ ਸਰਟੀਫਿਕੇਟ ਕੋਰਸ,ਡਿਪਲੋਮਾਂ ਕੋਰਸ ਅਤੇ ਡਿਗਰੀ ਕੋਰਸ ਆਦਿ ਪੰਜਾਬ ਸਰਕਾਰ ਵਲੋਂ ਪਹਿਲਾਂ ਹੀ ਟੈਕਨੀਕਲ ਐਲਾਨੇ ਜਾ ਚੱਕੇ ਹਨ।ਖੇਤੀਬਾੜੀ ਵੀ ਟੈਕਨੀਕਲ ਹੈ।ਇਨ੍ਹਾਂ ਸਾਰਿਆਂ ਦਾ ਮਾਤ ਵਿਸ਼ਾ ਸਾਇੰਸ ਹੈ।ਜਿਸ ਨੂੰ ਹਾਲੇ ਤਕ ਟੈਕਨੀਕਲ ਸਟੇਟਸ ਨਹੀਂ ਦਿੱਤਾ ਗਿਆ ਹੈ। ਇਸ ਮੰਗ ਵਿੱਚ ਕੋਈ ਵਿਰੋਧੀ ਦਲੀਲ ਨਹੀਂ ਹੈ।ਇਸ ਮੰਗ ਨੂੰ ਤੁਰੰਤ ਪ੍ਰਵਾਨ ਕੀਤਾ ਜਾਵੇ।

9. ਵੋਕੇਸ਼ਨਲ ਅਧਿਆਪਕਾਂ ਨੂੰ ਉਨ੍ਹਾਂ ਦੀ ਵਿਦਿਅਕ ਯੋਗਤਾ ਅਨੁਸਾਰ ਟੈਕਨੀਕਲ ਮੰਨ ਕੇ ਉਚਿੱਤ ਗਰੇਡ ਅਤੇ ਤਰੱਕੀ ਦੇ ਮੌਕੇ ਦਿੱਤੇ ਗਏ ਹਨ ਜੋ ਕਿ ਸ਼ਲਾਘਾਯੋਗ ਕਦਮ ਹੈ।ਇਸ ਮਾਪਦੰਡ ਅਨੁਸਾਰ ਹੀ ਸਾਇੰਸ ਅਧਿਆਪਕਾਂ ਦੇ ਗਰੇਡ ਵੀ

Created with nitro PDF professional
download the free trial online at nitropdf.com/professional
Created with nitro PDF professional
download the free trial online at nitropdf.com/professional

ਉਹਨਾਂ ਦੀ ਉਚੇਰੀ ਯੋਗਤਾਂ ਅਨੁਸਾਰ ਅਤੇ ਟੈਕਨੀਕਲ ਮੰਨਦੇ ਹੋਏ ਉਚਿਤ ਉਚੇਰੇ ਪੇ-ਸਕੇਲ ਅਤੇ ਪਦ ਉਨਤੀ ਦੇ ਮੋਕੇ ਪ੍ਰਦਾਨ ਕੀਤੇ ਜਾਣ।

10. ਵਿਦਿਅਕ ਮਾਹਿਰਾਂ ਅਨੁਸਾਰ ਵਿਦਿਅਕ ਪ੍ਰਕਿਰਿਆ ਨੂੰ ਤਿੰਨ ਅੰਗਾਂ (Three Domains)ਵਿੱਚ ਵਰਗੀਕ੍ਰਿਤ ਕੀਤਾ ਗਿਆ ਹੈ, ਜੋ:- (i) Cognitive Domain,(ii) Effective Domain,(iii) Psychomotor Domain ।ਕੇਵਲ ਸਾਇੰਸ ਵਿੱਸ਼ਿਆਂ ਦਾ ਅਧਿਆਪਨ ਹੀ ਇਨ੍ਹਾਂ ਤਿਨ੍ਹਾਂ ਡੋਮੇਨ ਨੂੰ ਸ਼ਾਮਿਲ ਕਰਦਾ ਹੈ ਜਿਸ ਨੂੰ ਅਧਾਰ ਬਣਾਕੇ ਯੂ.ਜੀ.ਸੀ. ਦੀ ਤਰਜ਼ ਤੇ ਸਾਇੰਸ ਅਧਿਆਪਕਾਂ ਅਤੇ ਸਾਇੰਸ ਫੈਕਲਟੀ ਨਾਲ ਬਣਦਾ ਸਟੇਟਸ ਅਤੇ ਹਕ ਦਿੰਦੇ ਹੋਏ ਇਸ ਜੱਥੇਬੰਦੀ ਨਾਲ ਵਿਚਾਰ ਵਟਾਦੰਰਾ ਕਰਦੇ ਹੋਏ ਉਚੇਰੇ ਸਪੈਸ਼ਲ ਸਕੇਲ ਦਾ ਵੱਖਰਾ ਘੱਟ ਤੋਂ ਘੱਟ ਸੋ ਕਰੋੜ ਦਾ ਵਿਸ਼ੇਸ ਪੈਕੇਜ *(PACKAGE)* ਦਿੱਤਾ ਜਾਵੇ।

11. ਪੰਜਾਬ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਵਿਗਿਆਨ ਦੀ ਪੜ੍ਹਾਈ ਦੇ ਨਿੱਘਰ ਰਹੇ ਮਿਆਰ, ਵਿਦਿਆਰਥੀਆਂ ਦੀ ਘੱਟ ਰਹੀ ਗਿਣਤੀ ਅਤੇ ਭਾਰਤ ਦੇਸ਼ ਦੀਆਂ ਅਤੇ ਪੰਜਾਬ ਰਾਜ ਦੀਆਂ ਭਵਿੱਖ ਦੀਆਂ ਵਿਗਿਆਨੀਆਂ ਅਤੇ ਵਿਗਿਆਨ ਮਾਹਿਰਾਂ ਦੀਆਂ ਉਭੱਰਦੀਆਂ ਲੋੜਾਂ ਦੇ ਮੱਦੇ ਨਜ਼ਰ ਪੰਜਾਬ ਅੰਦਰ ਪ੍ਰਾਇਮਰੀ ਪੱਧਰ ਤੋਂ ਹੀ ਸਕੂਲਾਂ ਵਿੱਚ ਸਾਇੰਸ ਵਿੱਸਿਆਂ ਦੇ ਅਧਿਆਪਨ ਨੂੰ ਪ੍ਰਭਾਵਸ਼ਾਲੀ ਬਨਾਉਣ ਅਤੇ ਪ੍ਰੋਤਸਾਹਿਤ ਕਰਨ ਹਿੱਤ ਪੰਜਾਬ ਸਰਕਾਰ ਵੱਲੋਂ ਸਪੈਸ਼ਲ *'MASTER PLAN'* ਜੰਗੀ ਪੱਧਰ ਤੇ ਤਿਆਰ ਕੀਤਾ ਜਾਵੇ ਇਹ ਦੇਸ਼ ਅਤੇ ਪੰਜਾਬ ਰਾਜ ਦੇ ਸੁਨਿਹਰੇ ਭਵਿਖ ਲਈ ਅਤੀ ਜਰੂਰੀ ਹੈ।

## ਪੁਰਜ਼ੋਰ ਅਪੀਲ:

ਸਮੂਚੇ ਪੰਜਾਬ ਦੇ ਸਾਰੇ ਸਕੂਲ ਪੱਧਰੀ ਸਤਿਕਾਰਯੋਗ ਸਾਇੰਸ ਅਧਿਆਪਕਾਂ ਅਤੇ ਸਾਇੰਸ ਫੈਕਲਟੀ ਨਾਲ ਸੰਬਧਿਤ ਸਾਰੇ

Created with nitroPDF professional
download the free trial online at nitropdf.com/professional

ਸਤਿਕਾਰਯੋਗ ਅਧਿਕਾਰਿਆਂ ਨੂੰ ਇਸ ਜੱਥੇਬੰਦੀ ਵਲੋਂ ਪੁਰਜੋਰ ਅਪੀਲ ਕੀਤੀ ਜਾਂਦੀ ਹੈ ਕਿ ਆਉ ਸਾਰੇ ਰੁਲ ਕੇ ਇਸ ਇਤਿਹਾਸਕ ਅਤੇ ਫੈਸਲਾਕੁਨ ਧਰਨੇ ਨੂੰ ਤਨੋਂ,ਮਨੋਂ ਅਤੇ ਧਨੋਂ ਪੂਰੀ ਤਰ੍ਹਾਂ ਸਫਲ ਬਣਾਈਐ ਅਤੇ ਪੰਜਾਬ ਸਰਕਾਰ ਨੂੰ ਉਪਰ ਦਰਜ਼ ਮੰਗਾਂ ਨੂੰ ਮੰਨਣ ਲਈ ਜਮਹੂਰੀ ਢੰਗ ਨਾਲ ਵਿਗਿਆਨਕ ਸੋਚ ਤੇ ਪਹਿਰਾ ਦਿੰਦੇ ਹੋਏ ਜਨਤਕ ਦਬਾਅ ਬਣਾਕੇ ਮੰਗਾਂ ਮਨੰਣ ਲਈ ਮਜਬੂਰ ਕਰ ਦਈਏ।

ਪੰਜਾਬ ਰਾਜ ਦੀਆਂ ਸਮੂਹ ਭਰਾਤਰੀ ਅਧਿਆਪਕ ਅਤੇ ਮੁਲਾਜਮ ਜੱਥੇਬੰਦੀਆਂ ਨੂੰ ਇਸ ਧਰਨੇ ਨੂੰ ਕਾਮਯਾਬ ਕਰਨ ਲਈ ਪੂਰਨ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ।

# ਅਪੀਲ ਕਰਤਾ

ਸਮੂਹ ਮੈਂਬਰਾਨ,ਸਟੇਟ ਬਾਡੀ,ਜਿਲ੍ਹਾ ਅਤੇ ਤਹਿਸੀਲ ਪੱਧਰੀ ਕਮੇਟੀਆਂ।

## ਸਾਇੰਸ ਟੀਚਰਜ਼ ਐਸੋਸੀਏਸ਼ਨ (ਰਜਿ:),ਪੰਜਾਬ।

ਜਾਰੀ ਕਰਤਾ:

| ਰਣਜੀਤ ਸਿੰਘ ਧਨੋਆ | ਲਕਸ਼ਮਣ ਵਾਲੀਆ | ਸੰਜੀਵਨ ਸਿੰਘ ਡਢਵਾਲ |
|---|---|---|
| ਸਟੇਟ ਪ੍ਰਧਾਨ | ਸਟੇਟ ਸੀ.ਮੀਤ ਪ੍ਰਧਾਨ | ਸਟੇਟ ਜਨਰਲ ਸਕਤਰ |


## ਸਾਇੰਸ ਟੀਚਰਜ਼ ਐਸੋਸੀਏਸ਼ਨ (ਰਜਿ:),ਪੰਜਾਬ।

ਹੈਡ ਆਫਿਸ: 427,ਫੇਜ਼ – 4,ਮੋਹਾਲੀ (ਐਸ.ਏ.ਐਸ.ਨਗਰ),

ਫੋਨ : 98551 57427



Created with nitroPDF professional
download the free trial online at nitropdf.com/professional



Created with nitroPDF professional
download the free trial online at nitropdf.com/professional